**ਪੰਜਾਬ ਸਕੂਲ ਸਿੱਖਿਆ ਬੋਰਡ**

**ਪ੍ਰੈਸ ਨੋਟ**

(ਬੋਰਡ ਵੱਲੋਂ ਪੰਜਵੀਂ ਅਤੇ ਅੱਠਵੀਂ ਪਰੀਖਿਆ ਸਾਲ 2021 ਦੀ ਡੇਟਸ਼ੀਟ ਜਾਰੀ)

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੰਜਵੀਂ ਦੀ ਪਰੀਖਿਆ ਮਾਰਚ 2021 ਮਿਤੀ 16.03.2021 ਤੋਂ 23.03.2021 ਬੋਰਡ ਵੱਲੋਂ ਸਥਾਪਿਤ ਕੀਤੇ ਕੇਂਦਰਾਂ ਵਿੱਚ ਸਵੇਰੇ 09.00 ਵਜੇ ਤੋਂ 12.15 ਤੱਕ ਕਰਵਾਈ ਜਾ ਰਹੀ ਹੈ। ਇਸੇ ਤਰ੍ਹਾਂ ਅੱਠਵੀਂ ਦੀ ਪਰੀਖਿਆ ਮਾਰਚ 2021 ਮਿਤੀ 22.03.2021 ਤੋਂ 07.04.2021 ਤੱਕ ਕਰਵਾਈ ਜਾ ਰਹੀ ਹੈ। ਇਸ ਦਾ ਸਮਾਂ ਸਵੇਰੇ 09.00 ਵਜੇ ਤੋਂ 12.15 ਵਜੇ ਤੱਕ ਹੋਵੇਗਾ। ਕੋਵਿਡ 19 ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਪਰੀਖਿਆਵਾਂ ਕਰਵਾਈਆਂ ਜਾਣਗੀਆਂ।

ਵਧੇਰੀ ਜਾਣਕਾਰੀ ਦਿੰਦਿਆਂ ਦੱਸਿਆ ਜਾਂਦਾ ਹੈ ਕਿ ਪੰਜਵੀਂ ਸ਼੍ਰੇਣੀ ਦੀ ਪ੍ਰਯੋਗੀ ਪਰੀਖਿਆਵਾਂ ਮਿਤੀ 24.03.2021 ਤੋਂ 27.03.2021 ਤੱਕ ਸਕੂਲ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਸਕੂਲ ਪੱਧਰ ਤੇ ਕਰਵਾਈਆਂ ਜਾਣਗੀਆਂ ਅਤੇ ਅੱਠਵੀਂ ਸ਼੍ਰੇਣੀ ਦੀ ਪ੍ਰਯੋਗੀ ਪਰੀਖਿਆਵਾਂ 08.04.2021 ਤੋਂ 19.04.2021 ਤੱਕ ਸਕੂਲ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਸਕੂਲ ਪੱਧਰ ਤੇ ਕਰਵਾਈਆਂ ਜਾਣਗੀਆਂ। ਇਹਨਾਂ ਸ਼੍ਰੇਣੀਆਂ ਦੀ ਡੇਟਸ਼ੀਟ ਬੋਰਡ ਦੀ ਵੈੱਬਸਾਈਟ www.pseb.ac.in ਤੇ ਉਪਲੱਬਧ ਹੈ।

13-01-2021

ਕੰਟਰੋਲਰ (ਪਰੀਖਿਆਵਾਂ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਮਿਤੀ: 13-01-2021